ੴ ਸਤਿਗੁਰ ਪ੍ਰਸਾਦਿ ॥

MATA GUJRI LIBRARY
G.T.B. GURDWARA
6 EAST PARK ROAD
LEICESTER
TEL: (0116) 276 0517

ਟ੍ਰੈਕਟ ਨੰ: 15

# ਗੁਰੂ ਗੋਬਿੰਦ ਸਿੰਘ ਜੀ ਬਾਰੇ ਇਕ ਭੁਲੇਖਾ

ਪ੍ਰਕਾਸ਼ਕ
ਗੁਰਮਤਿ ਪ੍ਰਚਾਰ ਸਭਾ
ਪਟਿਆਲਾ

| ਜਨਵਰੀ | ਸੰਮਤ ਖਾਲਸਾ | ਤੀਜੀ ਵਾਰ |
|---|---|---|
| 1998 | 298 | 20,000 |

ਆਪ ਪੜ੍ਹ ਕੇ ਹੋਰਨਾਂ ਨੂੰ ਵੀ ਪੜਾਓ ਜੀ ।

# ਮੁਢਲੇ ਜ਼ਰੂਰੀ ਸਿਧਾਂਤ

ਸਿਮਰਨ ਅਤੇ ਸੇਵਾ ਸਿੱਖ ਧਰਮ ਦੇ ਮੁੱਢਲੇ ਦੋ ਜ਼ਰੂਰੀ ਸਿਧਾਂਤ ਮੰਨੇ ਗਏ ਹਨ। ਇਨ੍ਹਾਂ ਸਿਧਾਂਤਾਂ ਨੂੰ ਪ੍ਰਚਾਰਨ ਹਿੱਤ ਕੁਝ ਸਚੀਆਂ ਵਾਰਤਾਵਾਂ 'ਦੇ ਨਾਂ ਹੇਠ ਛੋਟੀਆਂ-ਛੋਟੀਆਂ ਪੁਸਤਕਾਂ (ਬੁਕਲੈਟਸ) ਛਾਪਣ ਦਾ ਉਪਰਾਲਾ ਗੁਰੂ ਕਿਰਪਾ ਨਾਲ ਸ਼ੁਰੂ ਹੋਇਆ ਹੈ। ਹੁਣ ਤੱਕ ਇਹ ਤਿੰਨ :-

1. ਜਮਦੂਤ ਛਡਿ ਜਾਹਿ, (2) ਨਾਮ ਸਹਾਈ, (3) ਵਿਚਿ ਦੁਨੀਆ ਸੇਵਿ ਕਮਾਈਐ, ਛਪ ਚੁਕੀਆਂ ਹਨ। ਭੇਟਾ ਨਾਮ ਮਾਤਰ 2/- ਰੁ: ਪ੍ਰਤੀ ਰੱਖੀ ਗਈ ਹੈ। ਮੰਗਵਾ ਕੇ ਆਪ ਪੜ੍ਹੋ ਅਤੇ ਆਪਣੇ ਬੱਚਿਆਂ ਨੂੰ ਵੀ ਪੜ੍ਹਾਓ।
2. ਡਾ: ਤੇਜਿੰਦਰ ਸਿੰਘ ਜੀ ਦੀ ਲਿਖੀ ਪੁਸਤਕ 'ਅੰਮ੍ਰਿਤ ਵੇਲਾ'=10/- ਰੁ:
3. ਰੂਹਾਂ ਸੰਬੰਧੀ ਜਾਣਕਾਰੀ ਦੇਣ ਵਾਲੀ ਪੁਸਤਕ A world Beyond ਦਾ ਸੰਖੇਪ ਪੰਜਾਬੀ ਅਨੁਵਾਦ 'ਅਬਿਨਾਸ਼ੀ ਲੀਲ੍ਹਾ' = 7/- ਰੁ:
4. ਸਭ ਬੀਮਾਰੀਆਂ ਦਾ ਇਲਾਜ 'ਪ੍ਰਭੂ ਨਾਮੁ' = 5/- ਰੁ:
5. ਸ: ਜੁਗਿੰਦਰ ਸਿੰਘ ਬੰਬਈ ਵਾਲਿਆਂ ਦੀ ਲਿਖੀ ਪੁਸਤਕ 'ਸਿਮਰਨ ਕਿਦਾਂ ਕਰੀਏ' = 5/- ਰੁ:
6. ਜਾਪੁ ਸਾਹਿਬ ਸੰਖੇਪ ਅਰਥਾਂ ਸਹਿਤ ਵਧੀਆ ਕਾਗਜ਼ = 5/- ਰੁ:
7. ਜਪੁਜੀ, ਰਹਿਰਾਸ, ਸੋਹਿਲਾ ਤੇ ਅਰਦਾਸ ਦਾ ਮੋਟੇ ਅੱਖਰਾਂ ਵਾਲਾ ਗੁਟਕਾ ਸ਼ੁਧ ਉਚਾਰਨ ਸੰਕੇਤਾਂ ਸਹਿਤ = 4/- ਰੁ:
8. ਇਹ ਅਤੇ ਹਰ ਮਹੀਨੇ ਛਪਣ ਵਾਲੇ ਟ੍ਰੈਕਟ 50/- ਰੁ: ਸੈਂਕੜਾ ਦੇ ਹਿਸਾਬ ਮੰਗਵਾਉਣ ਲਈ ਭੇਟਾ ਸ: ਦੀਦਾਰ ਸਿੰਘ, C-129, ਵਿਕਾਸ ਕਾਲੋਨੀ, ਪਟਿਆਲਾ-147 003 ਨੂੰ ਭੇਜ ਕੇ ਮੰਗਵਾਓ।
9. ਦਸਤੀ ਆ ਕੇ ਲੈਣ ਲਈ ਗੁਰਸਿੱਖ ਫੁਲਵਾੜੀ ਪਬਲਿਕ ਸਕੂਲ, ਗਲੀ ਨੰ: 6, ਗੁਰਬਖ਼ਸ਼ ਕਾਲੋਨੀ, ਪਟਿਆਲਾ ਵਿਖੇ ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ ਦਰਸ਼ਨ ਦਿਓ। ਫੋਨ ਨੰ: 226796

ਪ੍ਰਾਰਥਕ

# ਸ੍ਰੀ ਗੁਰੂ ਗੋਬਿੰਦ ਸਿੰਘ ਜੀ

## ਬਾਰੇ ਇਕ ਭੁਲੇਖਾ

ਸਾਡੇ ਵਿਚ ਗੁਰਬਾਣੀ ਨੂੰ ਵਿਚਾਰ ਨਾਲ ਪੜ੍ਹਨ ਅਤੇ ਸੁਣਨ ਦੀ ਜਿਥੇ ਬੜੀ ਵਡੀ ਘਾਟ ਹੈ ਉਥੇ ਸੋਝੀਵਾਨ ਤੇ ਨਿਰਪੱਖ ਲਿਖਾਰੀਆਂ (ਇਤਿਹਾਸਕਾਰਾਂ) ਦੀਆਂ ਗੁਰੂ ਸਾਹਿਬ ਬਾਰੇ ਲਿਖੀਆਂ ਲਿਖਤਾਂ ਨੂੰ ਪੜ੍ਹਨ ਸੁਣਨ ਦੀ ਰੁਚੀ ਵੀ ਨਾਂਹ ਵਰਗੀ ਹੈ; ਇਸੇ ਕਰਕੇ ਸਾਡੀ ਬਹੁਤੀ ਸਿਖ ਜਨਤਾ ਆਮ ਸੁਣੀ-ਸੁਣਾਈ ਨੂੰ ਹੀ, ਬਿਨਾਂ ਵਿਚਾਰੇ, ਠੀਕ ਮੰਨ ਲੈਂਦੀ ਹੈ ਅਤੇ ਜਿਥੇ ਆਪ ਭੁਲ-ਭੁਲਈਆਂ ਵਿਚ ਪਈ ਹੈ ਉਥੇ ਗੁਰੂ ਪਾਤਸ਼ਾਹ ਦੇ ਕਮਾਏ ਅਤੇ ਦਰਸਾਏ ਨਿਸ਼ਾਨਿਆਂ ਤੋਂ ਉਖੜੀ ਜਾ ਰਹੀ ਹੈ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਆਗਮਨ ਪੁਰਬ ਉਤੇ ਉਨ੍ਹਾਂ ਸੰਬੰਧੀ ਪਏ ਹੋਏ ਜਾਂ ਪਾਏ ਗਏ ਭੁਲੇਖਿਆਂ ਵਿਚੋਂ ਇਕ ਭੁਲੇਖੇ ਸੰਬੰਧੀ ਵਿਚਾਰ, ਪਾਠਕਾਂ ਨਾਲ ਸਾਂਝੇ ਕਰਨ ਦਾ ਨਿਮਾਣਾ ਜਿਹਾ ਜਤਨ ਗੁਰੂ ਕਿਰਪਾ ਨਾਲ ਕੀਤਾ ਜਾ ਰਿਹਾ ਹੈ।

ਕੁਝ ਲੋਕੀ ਨਾ-ਸਮਝੀ ਵਿਚ ਜਾਂ ਜਾਣ ਬੁਝ ਕੇ ਜਾਂ ਅਗਿਆਨਤਾ-ਵਸ ਕਹਿੰਦੇ ਸੁਣੀਂਦੇ ਹਨ ਕਿ ਗੁਰੂ ਗੋਬਿੰਦ ਜੀ ਮਹਾਰਾਜ ਦੇਵੀ ਦੇ ਉਪਾਸ਼ਕ ਸਨ ਜਾਂ ਦੇਵੀ ਪੂਜ ਸਨ। ਇਸ ਗਲ ਨੂੰ ਠੀਕ ਸਾਬਤ ਕਰਨ ਲਈ ਉਹ ਦਸਮ ਗ੍ਰੰਥ ਦੀਆਂ ਕੁਝ ਬਾਣੀਆਂ ਵਿਚੋਂ 2-3 ਤੁਕਾਂ ਦਾ ਹਵਾਲਾ ਦੇਂਦੇ ਹੋਏ ਕਹਿੰਦੇ ਹਨ ਕਿ ਉਹ ਦੁਰਗਾ, ਚੰਡੀ ਜਾਂ ਕਾਲਕਾ ਆਦਿ ਦੇਵੀ ਦੇ ਉਪਾਸ਼ਕ ਸਨ। ਉਹ ਬਚਿਤ੍ਰ ਨਾਟਕ ਦੀ ਪੰਗਤੀ—

*ਤਹ ਹਮ ਅਧਿਕ ਤਪਸਿਆ ਸਾਧੀ।*
*ਮਹਾ ਕਾਲ ਕਾਲਕਾ ਆਰਾਧੀ।*

ਦਾ ਵਰਣਨ ਕਰਦੇ ਹਨ ਜਾਂ ਫਿਰ ਭਾਈ ਗੁਰਦਾਸ ਜੀ (ਦੂਜੇ) ਦੀ ਵਾਰ ਵਿਚੋਂ ਖਾਲਸੇ ਦੀ ਸਿਰਜਨਾ ਬਾਰੇ ਜ਼ਿਕਰ ਕਰਦਿਆਂ "ਗੁਰੁ ਸਿਮਰ ਮਨਾਈ ਕਾਲਕਾ ਖੰਡੇ ਕੀ ਬੇਲਾ" ਬਾਰੇ ਦਸਦਿਆਂ ਆਪ ਜੀ ਨੂੰ ਕਾਲਕਾ ਦੇਵੀ ਦਾ ਉਪਾਸ਼ਕ ਦਰਸਾਇਆ ਜਾਂਦਾ ਹੈ।

ਤੀਜੀ ਉਦਾਹਰਣ "ਵਾਰ ਸ੍ਰੀ ਭਗਾਉਤੀ ਜੀ ਕੀ" ਦੇ ਮੁਢਲੇ ਸ਼ਬਦ "ਪ੍ਰਿਥਮ ਭਗੌਤੀ ਸਿਮਰ ਕੈ" ਨੂੰ ਭਗੌਤੀ ਦੇਵੀ ਦੇ ਸਿਮਰਨ ਕਰਨ ਬਾਰੇ ਸਿਧ ਕਰਨ ਲਈ ਪ੍ਰਮਾਣ ਦਿਤਾ ਜਾਂਦਾ ਹੈ।

ਦਰ ਅਸਲ ਕਿਸੇ ਇਕ ਅੱਧੀ ਪੰਗਤੀ ਜਾਂ ਤੁਕ ਨੂੰ ਉਸ ਦੇ ਅਗਲ ਪਿਛਲ ਨਾਲੋਂ ਨਿਖੇੜ ਕੇ, ਉਸ ਨੂੰ ਕਿਸੇ ਗਲ ਦਾ ਆਧਾਰ ਮੰਨ ਕੇ ਨਿਰਣਾ ਕਰ ਲੈਣਾ ਜਿਥੇ ਉਸ ਦੇ ਅਰਥਾਂ ਦੇ ਅਨਰਥ ਕਰਨਾ ਹੁੰਦਾ ਹੈ, ਉਥੇ ਉਸ ਰਚਨਾ ਦੇ ਰਚਨਹਾਰ ਨਾਲ ਸਖ਼ਤ ਬੇਇਨਸਾਫੀ ਕਰਨੀ ਵੀ ਹੁੰਦੀ ਹੈ।

ਅਸਲ ਵਿਚ ਕਿਸੀ ਤੁਕ ਜਾਂ ਪੰਗਤੀ ਦੇ ਅਰਥ ਜਾਂ ਵਿਆਖਿਆ ਉਸ ਤੁਕ ਵਾਲੀ ਸਮੁਚੀ ਬਾਣੀ ਦੇ ਆਧਾਰ ਤੇ ਜਾਂ ਫਿਰ ਉਸ ਰਚਨਹਾਰ ਦੀਆਂ ਹੋਰ ਬਾਣੀਆਂ ਵਿਚਲੇ ਹਵਾਲੇ ਨਾਲ ਹੀ ਠੀਕ ਅਤੇ ਸਪਸ਼ਟ ਹੋ ਸਕਦੀ ਹੈ। ਕਿਉਂਕਿ ਕਿਸੇ ਦਰਸਾਈ ਪੰਗਤੀ ਦਾ ਭਾਵ ਉਸ ਦੇ ਰਚੇਤਾ ਦੀ ਹੋਰ ਰਚਨਾ ਵਿਚੋਂ ਕਈ ਥਾਂ ਮਿਲ ਜਾਇਆ ਕਰਦਾ ਹੈ।

ਗੁਰੂ ਪਾਤਸ਼ਾਹ ਦੇ ਦੇਵੀ ਪੂਜ ਹੋਣ ਜਾਂ ਨਾਂਹ ਹੋਣ ਬਾਰੇ ਸਪਸ਼ਟ ਕਰਨ ਤੋਂ ਪਹਿਲਾਂ ਸਾਨੂੰ ਇਹ ਗਲ ਹਮੇਸ਼ਾਂ ਦ੍ਰਿੜ ਰਹਿਣੀ ਚਾਹੀਦੀ ਹੈ ਕਿ ਦਸ ਗੁਰ 'ਇਕ-ਜੋਤ' ਸਨ। ਸਰੀਰ ਕਰਕੇ ਉਹ ਭਾਵੇਂ ਦਸ ਸਨ ਪਰ ਦਸਾਂ ਪਾਤਸ਼ਾਹੀਆਂ ਅੰਦਰ ਜੋਤ ਇਕੋ ਹੀ ਕੰਮ ਕਰਦੀ ਸੀ। ਇਹ ਗਲ ਗੁਰੂ ਗ੍ਰੰਥ ਸਾਹਿਬ ਅੰਦਰੋਂ ਅਤੇ ਸ੍ਰੀ ਦਸ਼ਮੇਸ਼ ਜੀ ਦੇ ਆਪਣੇ ਮੁਖਾਰਬਿੰਦ ਤੋਂ ਉਚਾਰੇ ਹੇਠਲੇ ਸ਼ਬਦਾਂ ਤੋਂ ਸਪਸ਼ਟ ਹੋ ਜਾਂਦੀ ਹੈ. ਜਿਵੇ—

1) *ਜੋਤ ਓਹਾ, ਜੁਗਤਿ ਸਾਇ*
*ਸਹਿ ਕਾਇਆ ਫੇਰ ਪਲਟੀਐ।*

ਭਾਵ: (ਬਾਬਾ ਲਹਣਾ ਜੀ ਦੇ ਅੰਦਰ) ਉਹੀ (ਗੁਰੂ ਨਾਨਕ ਦੇਵ ਜੀ ਵਾਲੀ) ਜੋਤ ਸੀ, ਜੀਵਨ ਦਾ ਢੰਗ ਵੀ ਉਹੀ (ਗੁਰੂ ਨਾਨਕ ਸਾਹਿਬ ਵਾਲਾ) ਸੀ। ਗੁਰੂ ਨਾਨਕ ਦੇਵ ਜੀ ਨੇ ਕੇਵਲ ਸਰੀਰ ਹੀ ਵਟਾਇਆ ਸੀ।

2) *ਨਾਨਕ ਤੂ, ਲਹਿਣਾ ਤੂੰ ਹੈਂ, ਗੁਰੂ ਅਮਰ ਤੂੰ ਵੀਚਾਰਿਆ,*
*ਗੁਰੂ ਡਿਠਾ, ਤਾ ਮਨ ਸਾਧਾਰਿਆ।*

ਭਾਵ: (ਹੇ ਗੁਰੂ ਰਾਮਦਾਸ ਜੀ! ) ਤੂੰ ਹੀ ਗੁਰੂ ਨਾਨਕ ਹੈਂ, ਤੂੰ ਹੀ ਬਾਬਾ ਲਹਣਾ ਹੈਂ ਅਤੇ ਮੈਂ ਤੈਨੂੰ ਹੀ ਗੁਰੂ ਅਮਰਦਾਸ ਸਮਝਿਆ ਹੈ।

3) *ਨਾਨਕ ਕਾਇਆ ਪਲਟੁ ਕਰਿ,*
*ਮਲਿ ਤਖਤੁ ਬੈਠਾ ਸਾ ਡਾਲੀ॥*

ਭਾਵ: ਗੁਰੂ ਨਾਨਕ ਸਰੀਰ ਵਟਾਕੇ (ਭਾਵ ਗੁਰੂ ਅੰਗਦ ਦੇਵ ਜੀ ਦੇ ਸਰੂਪ ਵਿਚ) ਗਦੀ ਸੰਭਾਲ ਕੇ ਬੈਠਾ ਹੋਇਆ ਹੈ।

4) *ਸ੍ਰੀ ਨਾਨਕ ਅੰਗਦ ਕਰ ਮਾਨਾ।*
*ਅਮਰਦਾਸ ਅੰਗਦ ਪਹਿਚਾਨਾ।*
*ਅਮਰਦਾਸ ਰਾਮਦਾਸ ਕਹਾਯੋ।*
*ਸਾਧਨੁ ਲਖ੍ਯਾ ਮੂੜ੍ਹ ਨਹਿ ਪਾਯੋ।*
*ਭਿੰਨ ਭਿੰਨ ਸਭਹੂ ਕਰ ਜਾਨਾ।*
*ਏਕ ਰੂਪ ਕਿਨਹੂੰ ਪਹਿਚਾਨਾ।*
*ਜਿਨ ਜਾਨਾ, ਤਿਨ ਹੀ ਸਿਧਿ ਪਾਈ।*
*ਬਿਨ ਸਮਝੇ, ਸਿਧਿ ਹਾਥ ਨ ਆਈ।*
*ਰਾਮਦਾਸ ਹਰਿ ਸੌਂ ਮਿਲ ਗਏ।*
*ਗੁਰਤਾ ਦੇਤ ਅਰਜਨਹਿ ਭਯੇ।*
*ਜਬ ਅਰਜਨ ਪ੍ਰਭੁਲੋਕ ਸਿਧਾਰੇ।*
*ਹਰਿਗੋਬਿੰਦ ਤਿਨ ਥਾਂ ਠਹਿਰਾਏ।*
*ਹਰਿਗੋਬਿੰਦ ਪ੍ਰਭਲੋਕ ਸਿਧਾਰੇ।*
*ਹਰੀ ਰਾਯ ਤਿਹ ਠਾਂ ਬੈਠਾਰੇ।*

*ਹਰੀ ਕ੍ਰਿਸ਼ਨ ਤਿਨ ਕੇ ਸੁਤ ਵਏ।*
*ਤਿਨ ਤੇ ਤੇਗ ਬਹਾਦਰੁ ਭਏ॥ (ਪਾ: ੧੦)*

ਇਸ ਅਨੁਸਾਰ ਜਿਥੇ "ਗੁਰੂ ਨਾਨਕ ਦੇਵ ਗੋਬਿੰਦ ਰੂਪ" ਸਨ ਉਥੇ ਗੁਰੂ ਨਾਨਕ ਸਾਹਿਬ ਅੰਦਰ ਕੰਮ ਕਰਨ ਵਾਲੀ ਜੋਤ ਹੀ ਬਾਕੀ ਪਾਤਸ਼ਾਹੀਆਂ ਅੰਦਰ ਕੰਮ ਕਰ ਰਹੀ ਸੀ। ਇਹੋ ਕਾਰਨ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਜਿਸ ਵੀ ਗੁਰਵਿਅਕਤੀ ਦੀ ਬਾਣੀ ਦਰਜ ਹੈ, ਉਹ ਸਾਰੀ (ਗੁਰੂ ਨਾਨਕ ਸਾਹਿਬ ਦੇ) ਨਾਂ ਨਾਲ ਦਰਜ ਹੈ। ਕਿਸੇ ਹੋਰ ਗੁਰ ਵਿਅਕਤੀ ਨੇ ਆਪਣੀ ਰਚਨਾ ਹੇਠ ਆਪਣਾ ਨਾਮ ਨਹੀਂ ਦਿਤਾ। ਸਭ ਨੇ 'ਨਾਨਕ' ਨਾਮ ਨਾਲ ਹੀ ਰਚਨਾ ਰਚੀ) ਇਸ ਤੋਂ ਵਧ ਹੋਰ ਸਬੂਤ ਕੀ ਹੋ ਸਕਦਾ ਹੈ ? ਖੈਰ—!

ਹੁਣ ਵਿਚਾਰੀਏ ਕਿ ਕੀ ਗੁਰੂ ਪਾਤਸ਼ਾਹ ਦੇਵੀ ਪੂਜ ਸਨ ਜਾਂ ਨਹੀਂ? ਥੋੜ੍ਹਾ-ਠਰ੍ਹੰਮੇ ਨਾਲ ਸਹਿਜ ਨਾਲ ਵਿਚਾਰੀਏ ਕਿ ਗੁਰੂ ਨਾਨਕ ਸਾਹਿਬ ਆਪਣੇ ਪਹਿਲੇ ਜਾਮੇ ਵਿਚ ਦੇਵੀ ਦੇਵਤਿਆਂ ਬਾਰੇ ਕਹਿੰਦੇ ਹਨ—

*ਮਾਇਆ ਮੋਹੇ ਦੇਵੀ ਸਭ ਦੇਵਾ*
*ਕਾਲ ਨ ਛੋਡੈ ਬਿਨ ਗੁਰ ਕੀ ਸੇਵਾ॥*

*ਅਤੇ—ਦੇਵੀ ਦੇਵਾ ਪੂਜੀਐ ਭਾਈ*
*ਕਿਆ ਮਾਗਉ ਕਿਆ ਦੇਇ ?*
*ਪਾਹਣ ਨੀਰ ਪਖਾਲੀਐ ਭਾਈ*
*ਜਲ ਮਹਿ ਬੂਡਹਿ ਤੇਹ।*

ਭਾਵ: ਹੇ ਭਾਈ! ਦੇਵੀ ਦੇਵਤਿਆਂ (ਦੀਆਂ ਪਥਰ ਆਦਿ ਦੀਆਂ ਮੂਰਤੀਆਂ) ਦੀ ਕੀ ਪੂਜਾ ਕਰੀਏ, ਇਹ ਤਾਂ ਕੁਝ ਵੀ ਨਹੀਂ ਦੇ ਸਕਦੇ। ਮੈਂ ਇਨ੍ਹਾਂ ਪਾਸੋਂ ਕੁਝ ਵੀ ਨਹੀਂ ਮੰਗਦਾ।

ਪਥਰ ਨੂੰ ਪਾਣੀ ਨਾਲ ਧੋਦੇ ਰਹੀਏ ਤਾਂ ਵੀ ਉਹ (ਪਥਰ ਦੇ ਬਣੇ ਹੋਏ ਦੇਵੀ ਦੇਵਤੇ) ਪਾਣੀ 'ਚ ਡੂਬ ਜਾਂਦੇ ਹਨ (ਆਪਣੇ ਪੁਜਾਰੀਆਂ ਨੂੰ ਉਹ ਕਿਵੇਂ ਸੰਸਾਰ ਸਮੁੰਦਰ ਤੋਂ ਤਾਰ ਸਕਦੇ ਹਨ ?

ਤੀਜੇ ਜਾਮੇ ਵਿਚ ਗੁਰੂ ਪਾਤਸ਼ਾਹ ਕਹਿੰਦੇ ਹਨ—

*ਬ੍ਰਹਮਾ ਬਿਸਨੁ ਮਹਾਂਦੇਉ ਤ੍ਰੈਗੁਣ ਭੁਲੇ,*
*ਹਉਮੈ ਮੋਹ ਵਧਾਇਆ॥*

ਚੌਥੇ ਜਾਮੇ ਵਿਚ ਆਪ ਕਹਿੰਦੇ ਹਨ—

*ਬ੍ਰਹਮਾ ਬਿਸਨੁ ਮਹਾਂਦੇਉ ਤ੍ਰੈਗੁਣ ਰੋਗੀ*
*ਵਿਚ ਹਉਮੈ ਕਾਰ ਕਮਾਈ॥*
*ਜਿਨ ਕੀਏ ਤਿਸਹਿ ਨ ਚੇਤਹਿ ਬਪੁੜੇ*
*ਹਰਿ ਗੁਰਮੁਖ ਸੋਝੀ ਪਾਈ॥*

ਪੰਜਵੇਂ ਜਾਮੇ ਵਿਚ ਗੁਰੂ ਪਾਤਸ਼ਾਹ ਕਹਿੰਦੇ ਹਨ—

*ਦੇਵੀਆਂ ਨਹੀਂ ਜਾਨਹਿ ਮਰਮ*
*ਸਭ ਉਪਰ ਅਲਖ ਪਾਰਬ੍ਰਹਮ॥*

ਇਕ ਥਾਂ ਹੋਰ—

*ਠਾਕੁਰ ਛੋਡਿ ਦਾਸੀ ਕਉ ਸਿਮਰਹਿ*
*ਮਨਮੁਖ ਅੰਧ ਅਗਿਆਨਾ।*

ਇਤਿਹਾਸ ਤੋਂ ਜਾਣੂ ਜਾਣਦੇ ਹਨ ਕਿ ਦੇਵੀ ਦੇ ਪੁਜਾਰੀ ਲਹਣਾ ਜੀ ਨੇ ਜਦ ਦੇਵੀ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਦਰਬਾਰ ਝਾੜੂ ਦੇਂਦਿਆਂ ਵੇਖਿਆ ਤਾਂ ਉਹ ਉਸ ਦਿਨ ਤੋਂ ਦੇਵੀ ਉਪਾਸ਼ਨਾ ਤਿਆਗ ਕੇ ਗੁਰੂ ਦਰਸਾਏ ਰਾਹ ਉਤੇ ਤੁਰੇ ਅਤੇ ਐਸੀ ਘਾਲ ਕਮਾਈ ਕੀਤੀ ਕਿ ਲਹਣੇ ਤੋਂ ਅੰਗਦ ਗੁਰੂ ਬਣ ਗਏ।

ਥੋੜ੍ਹੀ ਜਿਹੀ ਵੀ ਸਮਝ ਰਖਣ ਵਾਲਾ ਅੰਦਾਜ਼ਾ ਲਾ ਸਕਦਾ ਹੈ ਕਿ ਗੁਰੂ ਪਾਤਸ਼ਾਹ ਆਪ, ਜਦ ਪਹਿਲੇ ਜਾਮਿਆਂ ਤੋਂ ਹੀ ਦੇਵੀ ਦੇਵਤਿਆਂ ਦੀ ਉਪਾਸ਼ਨਾ ਦਾ ਵਿਰੋਧ, ਬੋਲ ਕੇ ਵੀ ਅਤੇ ਲਿਖਤ ਰੂਪ ਵਿਚ ਵੀ ਕਰਦੇ ਚਲੇ ਆਏ ਹਨ ਤਾਂ ਦਸੋ ਕੀ ਉਹ ਆਖਰੀ (ਦਸਵੇਂ) ਜਾਮੇ ਵਿਚ ਆਕੇ ਆਪਣੇ ਹੀ ਕਹੇ ਹੋਏ ਅਤੇ ਲਿਖੇ ਹੋਏ ਸ਼ਬਦਾਂ (ਬਾਣੀ) ਦੇ ਉਲਟ ਚਲ ਸਕਦੇ ਹਨ? ਅਰਥਾਤ ਕੀ ਉਹ ਦੇਵੀ ਦੇ ਉਪਾਸ਼ਕ ਜਾਂ ਪੁਜਾਰੀ ਹੋ ਸਕਦੇ ਹਨ?

ਇਕ ਸੱਚਾ ਸਿੰਘ ਤਾਂ ਇਹ ਕਦੀ ਵਿਸ਼ਵਾਸ਼ ਹੀ ਨਹੀਂ ਕਰ ਸਕਦਾ। ਸਿਖ ਤਾਂ ਗੁਰੂ ਦੀ ਬਾਣੀ ਨੂੰ ਹੀ ਗੁਰੂ ਮੰਨਦਾ ਹੈ ਅਤੇ ਉਸ ਉਤੇ ਹੀ ਪੂਰਾ ਵਿਸ਼ਵਾਸ਼ ਰਖਦਾ ਹੈ। ਇਸ ਬਾਰੇ ਗੁਰੂ ਮਹਾਰਾਜ ਬਾਣੀ ਵਿਚ ਸਾਨੂੰ ਸਪਸ਼ਟ ਸ਼ਬਦਾਂ 'ਚ ਸਮਝਾ ਵੀ ਗਏ ਹਨ:—

*ਸਤਿਗੁਰ ਕੀ ਬਾਣੀ*
*ਸਤਿ ਸਤਿ ਕਰ ਜਾਨਹੁ ਗੁਰਸਿਖਹੁ*
*ਹਰਿ ਕਰਤਾ ਆਪ ਮੁਹਹੁ ਕਢਾਇ॥*

ਕਰਤਾ ਪੁਰਖ ਦੀ ਬਾਣੀ ਜੋ ਗੁਰੂ ਪਾਤਸ਼ਾਹ ਦੇ ਪਵਿਤ੍ਰ ਮੁਖਾਰਬਿੰਦ ਤੋਂ ਨਿਕਲੀ, ਉਸ ਅਨੁਸਾਰ ਤਾਂ ਕਿਸੇ ਸਿਖ ਨੇ, ਕਿਸੇ ਪ੍ਰਕਾਰ ਦਾ ਸ਼ੰਕਾ ਹੀ ਨਹੀਂ ਕਰਨਾ ਅਤੇ ਨਾਂਹ ਹੀ ਦੇਵੀ ਦਾ ਪੁਜਾਰੀ ਹੋਣਾ ਹੈ।

## ਹੋਰ ਵੇਖੋ!

ਜੇ ਦਸਮ ਪਾਤਸ਼ਾਹ ਦੇਵੀ ਦੇ ਉਪਾਸ਼ਕ ਹੁੰਦੇ ਤਾਂ ਉਹ ਇਹ ਕਦੇ ਨਾਂਹ ਲਿਖਦੇ—

*ਆਦਿ ਅੰਤ ਏਕ ਅਵਤਾਰਾ*
*ਸੋਈ ਗੁਰੂ ਸਮਝਿਯੋ ਹਮਾਰਾ॥*
*ਨਮਸਕਾਰ ਤਿਸ ਹੀ ਕਉ ਹਮਾਰੀ।*
*ਸਕਲ ਪਰਜਾ ਜਿਨ ਆਪ ਸਵਾਰੀ॥*

ਉਹ ਕਦੇ ਨ ਕਹਿੰਦੇ—

*ਅਕਾਲ ਪੁਰਖ ਕੀ ਰਛਾ ਹਮਨੈ॥*

ਜਿਹੜੇ ਪਾਤਸ਼ਾਹ ਬੜੇ ਸਪਸ਼ਟ ਸ਼ਬਦਾਂ 'ਚ ਕਹਿੰਦੇ ਹਨ :-

*ਮੈਂ ਨ ਗਨੇਸਹ ਪ੍ਰਿਥਮ ਮਨਾਊ॥*
*ਕਿਸਨ ਬਿਸਨ ਕਬਹੂੰ ਨ ਧਿਆਊ॥*
*ਕਾਨ ਸੁਨੇ, ਪਹਿਚਾਨ ਨ ਤਿਨ ਸੌ॥*
*ਲਿਵ ਲਾਗੀ ਮੇਰੀ ਪਗ ਇਨ ਸੌਂ॥*

"ਕਾਨ ਸੁਣੇ, ਪਹਿਚਾਣ ਨ ਤਿਨ ਸੌਂ" ਕਹਿਣ ਵਾਲਾ ਗੁਰੂ ਪਾਤਸ਼ਾਹ ਕੀ ਉਨ੍ਹਾਂ ਦੀ ਉਪਾਸ਼ਨਾ ਕਰ ਸਕਦਾ ਹੈ ਜਿਨ੍ਹਾਂ ਦੇ ਸਰੂਪ ਮਿਥੇ ਜਾ ਸਕਦੇ ਹੋਣ, ਜਿਨ੍ਹਾਂ ਦੇ ਬੁਤ ਬਣਾਏ ਜਾ ਸਕਦੇ ਹੋਣ? (ਜਿਵੇਂ ਦੁਰਗਾ, ਭਵਾਨੀ, ਮਹਾਂਕਾਲੀ ਦੇਵੀਆਂ ਅਤੇ ਗਣੇਸ਼ ਆਦਿ ਦੇਵਤਿਆਂ ਦੇ) ਉਹ ਤਾਂ ਕਹਿੰਦੇ ਹਨ—

*ਪਾਖਾਣ (ਪਥਰ) ਪੂਜ ਹਉ ਨਹੀਂ॥*

ਗੁਰੂ ਪਾਤਸ਼ਾਹ ਆਪਣੀ ਉਪਾਸ਼ਨਾ ਬਾਰੇ ਆਪ ਆਪਣੀ ਬਾਣੀ 'ਚ ਲਿਖਦੇ ਹਨ—

*ਕਿਸੂ ਨ ਪੇਖ ਭੀਜ ਹੌ।*
*ਅਲਖ ਬੀਜ ਬੀਜ ਹੌ।*
*ਪਖਾਨ ਪੂਜ ਹੋ ਨਹੀਂ।*
*ਨ ਭੇਖ ਭੀਜ ਹੌ ਕਹੀਂ।*
*ਅਨੰਤ ਨਾਮ ਗਾਇ ਹੌ।*
*ਪਰਮ ਪੁਰਖ ਪਾਇ ਹੌ।*

'ਖਾਲਸਾ' ਦੀ ਵਿਆਖਿਆ ਵਾਲੇ ਸਵੈਯੇ ਦੀ ਪਹਿਲੀ ਪੰਗਤੀ ਵਿਚ—"ਜਾਗਤ ਜੋਤ ਜਪੈ ਨਿਸਬਾਸੁਰ" ਕਹਿਣ ਵਾਲਾ ਗੁਰੂ ਪਾਤਸ਼ਾਹ ਕਹਿੰਦਾ ਹੈ—

*---ਇਕ ਬਿਨ ਦੂਸਰ ਸੋ ਨ ਚਿਨਾਰ (ਪਹਿਚਾਣ)*
*ਭਜਨ ਗੜ੍ਹਣ ਸਮਰਥ ਸਦਾ ਪ੍ਰਭ,*
*ਜਾਨਤ ਹੈ ਕਰਤਾਰ॥*

ਗੁਰੂ ਪਾਤਸ਼ਾਹ ਇਕ ਥਾਂ ਹੋਰ ਕਹਿੰਦੇ ਹਨ ਕਿ ਅਸੀਂ ਉਸ ਨੂੰ ਕਰਤਾਰ ਮੰਨਦੇ ਹਾਂ ਜੋ ਉਤਪਤੀ, ਪਾਲਣਾ ਅਤੇ ਲੈਯ ਕਰਨ ਵਾਲਾ ਹੈ।

*ਬਿਨ ਕਰਤਾਰ ਨ ਕਿਰਤਮ ਮਾਨੋ*
*ਆਦਿ ਅਜੋਨਿ ਅਜੈ ਅਬਿਨਾਸੀ*
*ਤਿਹ ਪਰਮੇਸ਼ਰ ਜਾਨੋ।*

ਕਹਿਣ ਵਾਲਾ ਗੁਰੂ ਪਾਤਸ਼ਾਹ ਕੀ ਦੁਰਗਾ ਆਦਿ ਮਿਥਿਹਾਸਿਕ

ਹਸਤੀਆਂ ਦੀ ਉਪਾਸ਼ਨਾਂ ਜਾਂ ਪੂਜਾ ਕਰ ਸਕਦਾ ਹੈ?

## ਜ਼ਰਾ ਨਿਰਪੱਖ ਹੋ ਕੇ ਵੀਚਾਰੋ !

ਇਹ ਤਾਂ ਹੋਈ ਬਾਣੀ ਦੇ ਆਧਾਰ ਤੇ ਵੀਚਾਰ।

ਆਓ! ਹੁਣ ਇਸ ਲੇਖ ਦੇ ਆਰੰਭ ਵਿਚ ਦਿਤੀਆਂ ਕੁ ਪੰਗਤੀਆਂ ਦੀ ਵਿਚਾਰ ਕਰੀਏ ਜਿਨ੍ਹਾਂ ਦੇ ਆਧਾਰ ਤੇ ਭੁਲੇਖਾ ਪਾਇਆ ਜਾਂਦਾ ਹੈ।

'ਮਹਾਂ ਕਾਲ ਕਾਲਿਕਾ ਆਰਾਧੀ' ਵਿਚ ਮਹਾਂ ਕਾਲ ਦਾ ਅਰ ਹੈ, ਮਹਾਨ ਕਾਲ—ਜੋ ਕਾਲ ਦਾ ਵੀ ਕਾਲ ਹੈ। ਭਾਵ ਜੋ ਕਾਲ ਦਾ ਵ ਨਾਸ ਕਰਨ ਵਾਲਾ ਹੈ। ਜਿਸ ਨੂੰ ਗੁਰੂ ਪਾਤਸ਼ਾਹ ਨੇ ਜਾਪੁ ਸਾਹਿਬ ਵਿ

*ਨਮੋ ਕਾਲ ਕਾਲੇ*

ਕਿਹਾ ਹੈ। ਅਰਥਾਤ—ਹੇ ਕਾਲ ਦੇ ਕਾਲ ਕਰਨ ਵਾਲੇ, ਤੈਨੂੰ ਨਮਸਕਾਰ ਹੈ।

ਭਾਈ ਗੁਰਦਾਸ ਜੀ (ਦੂਜੇ) ਦੀ ਪੰਗਤੀ "ਗੁਰੁ ਸਿਮਰ ਮਨਾਈ ਕਾਲਕਾ" ਵਿਚ ਕਾਲਕਾ ਦਾ ਅਰਥ ਵੀ ਕਾਲ ਦਾ ਕਾਲ ਕਰਨ ਵਾਲ (ਪਰਮਾਤਮਾ) ਹੀ ਹੈ। ਕਈਆਂ ਦਾ ਸ਼ਾਇਦ ਖਿਆਲ ਹੋਵੇ ਕਿ ਇਸ ਪੰਗਤੀ ਵਿਚ (ਮਨਾਈ ਕਾਲਕਾ) ਨੂੰ ਇਸਤ੍ਰੀ ਲਿੰਗ ਵਿਚ ਲਿਖਣ ਦ ਭਾਵ ਕੋਈ ਦੇਵੀ ਹੀ ਹੋ ਸਕਦਾ ਹੈ। ਪਰ ਇਹ ਠੀਕ ਨਹੀਂ। ਕਿਉਂਕਿ ਪਰਮਾਤਮਾ ਜਿਸ ਨੂੰ ਨਿਰੰਕਾਰ ਕਿਹਾ ਜਾਂਦਾ ਹੈ ਅਤੇ ਜਿਸ ਬਾਰੇ ਜਾਪੁ ਸਾਹਿਬ ਦੀ ਪਹਿਲੀ ਪਉੜੀ 'ਚ ਗੁਰੂ ਪਾਤਸ਼ਾਹ ਆਪ ਕਹਿੰਦੇ ਹਨ ਕਿ—ਉਸ (ਅਕਾਲ ਪੁਰਖ ਦਾ) ਕੋਈ ਚਿਹਨ ਚਕਰ ਨਹੀਂ, ਕੋਈ ਜਾਤ-ਗੋਤ ਅਤੇ ਕੋਈ ਰੂਪ ਰੰਗ ਨਹੀਂ ਜਿਵੇਂ—

*ਚੱਕ੍ਰ ਚਿਹਨ ਅਰੁ ਬਰਨ*<br>
*ਜਾਤਿ ਅਰੁ ਪਾਤਿ ਨਹਿਨ ਜਿਹ॥*

*ਰੂਪ ਰੰਗ ਅਰੁ ਰੇਖ ਭੇਖ*
*ਕੋਊ ਕਹਿ ਨ ਸਕਤ ਕਿਹ॥*

ਇਸ ਤਰ੍ਹਾਂ ਉਸ ਅਕਾਲ ਪੁਰਖ ਦਾ ਕੋਈ ਲਿੰਗ ਨਹੀਂ। ਉਸ ਨੂੰ 'ਇਸਤ੍ਰੀ ਲਿੰਗ' ਅਤੇ 'ਪੁਲਿੰਗ' ਦੋਹਾਂ ਰੂਪਾਂ ਵਿਚ ਵਰਣਨ ਕੀਤਾ ਜਾ ਸਕਦਾ ਹੈ। ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਵਿਚ—

*ਤੂੰ ਮੇਰਾ ਪਿਤਾ, ਤੂੰ ਹੈ ਮੇਰਾ ਮਾਤਾ॥*

ਵਿਚ 'ਮਾਤਾ' ਇਸਤ੍ਰੀ ਲਿੰਗ ਸ਼ਬਦ ਨਾਲ ਸਬੰਧਕ 'ਮੇਰਾ' ਪੁਲਿੰਗ ਹੀ ਵਰਤਿਆ ਗਿਆ ਹੈ ਜਦ ਕਿ ਆਮ ਹਾਲਾਤ ਵਿਚ ਇਸਤ੍ਰੀ ਲਿੰਗ ਸ਼ਬਦ ਦੇ ਨਾਲ ਸਬੰਧਕ ਵੀ ਇਸਤ੍ਰੀ ਲਿੰਗ (ਮੇਰੀ) ਵਰਤਿਆ ਜਾਂਦਾ।

ਇਸੇ ਤਰ੍ਹਾਂ 'ਭਗਉਤੀ ਕੀ ਵਾਰ' ਵਿਚ "ਪ੍ਰਿਥਮ ਭਗੌਤੀ ਸਿਮਰ ਕੈ" ਵਿਚ ਭਗੌਤੀ ਦਾ ਅਰਥ ਵੀ ਮਹਾਂਕਾਲ ਜਾਂ ਪਰਮਾਤਮਾ ਹੀ ਹੈ। ਦੇਵੀ ਨਹੀਂ। ਗੁਰੂ ਪਾਤਸ਼ਾਹ ਨੇ ਆਪਣੀ ਰਚਨਾ 'ਬਚਿਤ੍ਰ ਨਾਟਕ' ਵਿਚ ਅਕਾਲ ਪੁਰਖ ਨੂੰ ਬੇਅੰਤ ਨਾਵਾਂ ਨਾਲ ਵਰਣਨ ਕੀਤਾ ਹੈ। ਆਪ ਨੇ ਜਿਥੇ ਪਰਮਾਤਮਾ ਨੂੰ— **'ਅਕਾਲਪੁਰਖ ਕੀ ਰਛਾ ਹਮਨੈ'** ਲਿਖਿਆ ਹੈ ਉਥੇ ਉਸ ਤੋਂ ਅਗਲੀ ਪੰਗਤੀ ਵਿਚ ਲਿਖਦੇ ਹਨ—

*"ਸਰਬ ਲੋਹ ਕੀ ਰਛਿਆ ਹਮਨੈ।*
*ਸਰਬ ਕਾਲ ਜੀ ਦੀ ਸਦਾ ਰਛਿਆ ਹਮਨੈ*
*ਸਰਬ-ਲੋਹ ਜੀ ਦੀ ਸਦਾ ਰਛਿਆ ਹਮਨੈ"*

ਭਾਵ: ਇਥੇ ਪਰਮਾਤਮਾ ਨੂੰ 'ਸਰਬ ਲੋਹ' ਅਤੇ ਸਰਬਕਾਲ' ਦੇ ਨਾਵਾਂ ਨਾਲ ਵਰਣਨ ਕੀਤਾ ਹੈ।

"ਮੈਂ ਨ ਗਣੇਸਹਿ ਪ੍ਰਿਥਮ ਮਨਾਊ" ਵਾਲੀ ਚੌਪਈ ਵਿਚ ਆਪ ਜੀ ਪਰਮਾਤਮਾ ਨੂੰ 'ਮਹਾਂਕਾਲ' ਅਤੇ 'ਮਹਾਂ ਲੋਹ' ਦੇ ਨਾਵਾਂ ਨਾਲ ਵਰਣਨ ਕਰਦਿਆਂ ਲਿਖਦੇ ਹਨ—

*ਮਹਾਂਕਾਲ ਰਖਵਾਰ ਹਮਾਰੋ।*
*ਮਹਾਂ ਲੋਹ ਮੈਂ ਕਿੰਕਰ ਥਾਰੋ।*

ਇਹ ਵੀ ਯਾਦ ਰਹੇ ਕੀ 'ਬਚਿਤ੍ਰ ਨਾਟਕ' ਵਿਚ ਗੁਰੂ 'ਪਾਤਸ਼ਾਹ ਨੇ ਅਕਾਲਪੁਰਖ ਨੂੰ ਜਿਥੇ 'ਜਗ ਕਾਰਣ' ਅਤੇ ਸ੍ਰਿਸ਼ਟ ਉਬਾਰਨ' ਕਹਿ ਕੇ ਨਮਸਕਾਰ ਕੀਤੀ ਹੈ ਉਥੇ ਉਸ ਨੂੰ, ਖੜਗ' ਅਤੇ 'ਤੇਗ' ਕਹਿ ਕੇ ਵੀ ਉਸ ਦੀ ਜੈ ਜੈ ਕਾਰ ਕੀਤੀ ਹੈ ਜਿਵੇਂ—

*ਨਮਸਕਾਰ ਸ੍ਰੀ ਖੜਗ ਕੋ*

*ਅਤੇ—ਜੈ ਜੈ ਜਗ ਕਾਰਣ, ਸ੍ਰਿਸ਼ਟ ਉਬਾਰਣ*

*ਮਮ ਪ੍ਰਤਪਾਰਣ ਜੈ ਤੇਗੰ॥*

ਖਿਆਲ ਰਹੇ 'ਤੇਗ' ਤਲਵਾਰ ਦੇ ਅਰਥਾਂ ਵਿਚ ਕਦੀ ਵੀ 'ਜਗ ਕਾਰਣ' ਅਤੇ 'ਸ਼੍ਰਿਸ਼ਟ ਉਬਾਰਣ' ਨਹੀਂ ਹੋ ਸਕਦੀ। ਇਥੇ 'ਤੇਗ' ਅਤੇ 'ਖੜਗ' ਮਹਾਂਕਾਲ ਦੇ ਅਰਥ ਵਿਚ ਪਰਮਾਤਮਾ ਹੀ ਹੈ।

ਇਸੇ ਤਰ੍ਹਾਂ ਆਪਣੀ ਰਚਨਾਂ ਵਿਚ ਆਪ ਜੀ ਨੇ ਪਰਮਾਤਮਾ ਨੂੰ ਕਿਧਰੇ 'ਖੰਡਾਂ' ਕਿਧਰੇ 'ਜਵਾਲਾ' ਅਤੇ ਕਿਧਰੇ 'ਮਈਆ' ਆਦਿ ਦੇ ਨਾਵਾਂ ਨਾਲ ਵੀ ਵਰਣਨ ਕੀਤਾ ਹੈ।

ਲੇਖਕ ਲੋਕ ਜਾਣਦੇ ਹਨ ਕਿ ਕਿਸੇ ਗ੍ਰੰਥ ਦਾ ਕਰਤਾ ਆਪਣੇ ਇਸ਼ਟ ਤੋਂ ਛੁਟ ਹੋਰ ਕਿਸੇ ਦੇਵੀ ਦੇਵਤੇ ਦਾ ਨਾਂ ਮੰਗਲ ਵਿਚ ਨਹੀਂ ਧਰਿਆ ਕਰਦੇ, ਸਗੋਂ ਮੰਗਲ ਤੋਂ ਹੀ ਕਵੀ ਦਾ ਇਸ਼ਟ ਜਾਣਿਆ ਜਾਂਦਾ ਹੈ। ਇਸ ਤਰ੍ਹਾਂ ਗੁਰੂ ਪਾਤਸ਼ਾਹ ਨੇ ਕਿਧਰੇ ਵੀ ਦੇਵੀ ਨੂੰ ਇਸ਼ਟ ਮੰਨ ਕੇ ਮੰਗਲ ਨਹੀਂ ਕੀਤਾ। ਸਗੋਂ ਆਪਣੀਆਂ ਸਾਰੀਆਂ ਬਾਣੀਆਂ ਦੇ ਅਰੰਭ ਵਿਚ '**ੴ ਵਾਹਿਗੁਰੂ ਜੀ ਕੀ ਫ਼ਤੇਹ**' ਲਿਖ ਕੇ ਹੀ ਮੰਗਲਾ ਚਰਨ ਕੀਤਾ ਹੈ।

'ਵਾਰ ਸ੍ਰੀ ਭਗਾਉਤੀ ਜੀ ਕੀ' ਵਿਚ ਮੰਗਲਾ ਚਰਨ ਵਾਲੀ ਪਹਿਲੀ ਪਉੜੀ ਵਿਚ ਗੁਰੂ ਪਾਤਸ਼ਾਹ ਪਰਮਾਤਮਾ ਨੂੰ ਭਗੌਤੀ (ਪ੍ਰਿਥਮ ਭਗੌਤੀ ਸਿਮਰ ਕੈ) ਨਾਮ ਨਾਲ ਆਰੰਭ ਕਰਕੇ ਉਸ ਤੋਂ ਅਗਲੀ ਪਉੜੀ ਵਿਚ 'ਭਗੌਤੀ' ਨਾਮ ਨੂੰ 'ਤੈ ਹੀ' ਸਰਵ ਨਾਮ (ਪੜਨਾਂਵ) ਨਾਲ ਸੰਬੋਧਨ ਕਰਦਿਆਂ ਲਿਖਦੇ ਹਨ—

*ਤੈਂ ਹੀ ਦੁਰਗਾ ਸਾਜ ਕੈ*
*ਦੈਂਤਾ ਦਾ ਨਾਸ਼ ਕਰਾਇਆ।* (ਅਗੇ ਅਖੀਰ 'ਚ ਦੇਖੋ)

ਇਸ ਤੋਂ ਵੀ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਪਾਤਸ਼ਾਹ ਦੁਰਗਾ ਦੇਵੀ ਦੇ ਪੁਜਾਰੀ ਨਹੀਂ ਸਨ ਸਗੋਂ ਦੁਰਗਾ ਦੇ ਸਾਜਨਹਾਰੇ 'ਭਗਾਉਤੀ' (ਅਕਾਲ ਪੁਰਖ) ਦੇ ਪੁਜਾਰੀ ਸਨ ਜਿਸ ਨੂੰ ਦੂਜੀ ਪਉੜੀ ਵਿਚ 'ਤੈਂ ਹੀ' ਨਾਲ ਅਤੇ ਤੈਥੋਂ ਆਦਿ ਸ਼ਬਦਾਂ ਨਾਲ ਸੰਬੋਧਨ ਕੀਤਾ ਹੈ।

## ਮਹੱਤਵ ਪੂਰਨ ਗੱਲ

ਗਿਆਨੀ ਨਰੈਣ ਸਿੰਘ ਮੁਜ਼ੰਗਾਂ ਵਾਲੇ ਦੇ ਕਥਨ ਅਨੁਸਾਰ ਮਹਤੱਵ ਪੂਰਨ ਗਲ ਨੋਟ ਕਰਨ ਵਾਲੀ ਇਹ ਹੈ ਕਿ ਦੋਵੇਂ 'ਚੰਡੀ ਚਰਿਤ੍ਰ' ਅਤੇ 'ਸ੍ਰੀ ਭਗਾਉਤੀ ਕੀ ਵਾਰ' ਮਾਰਕੰਡੇ ਪੁਰਾਣ ਦੇ ਅਧਿਆਇ 81 ਤੋਂ 94 ਤਕ ਦਾ ਸੁਤੰਤਰ ਅਨੁਵਾਦ ਹਨ। ਇਸ ਸਬੰਧ 'ਚ ਗੁਰੂ ਪਾਤਸ਼ਾਹ ਚੰਡੀ ਚਰਿਤ੍ਰ ਪਹਿਲਾ ਦੇ ਛੇਵੇਂ ਸਵੈਯੇ ਵਿਚ ਆਪ ਫਰਮਾਉਂਦੇ ਹਨ—

*ਭਾਖਾ ਸੁਭ ਸਭ ਕਰ ਹੋ ਧਰਿ ਹੈ ਕ੍ਰਿਤ ਮੈਂ।*
*ਅਦਭੁਤ ਕਥਾ ਅਪਾਰ ਸਮਝ ਕਰਚਿਤ ਮੈਂ।*

ਜਿਸ ਦਾ ਭਾਵ ਇਹ ਹੈ ਕਿ ਸੰਸਕ੍ਰਿਤ ਵਿਚ ਲਿਖੀ (ਮਾਰਕੰਡਾ ਪੁਰਾਣ ਦੀ) ਇਸ ਕਥਾ ਨੂੰ ਅਦਭੁਤ ਸਮਝ ਕੇ ਇਸ ਦੀ ਸੁਹਣੀ ਦੇਸੀ ਬੋਲੀ ਵਿਚ ਅਨੁਵਾਦ ਕਵਿਤਾ ਦੇ ਰੂਪ ਵਿਚ ਕੀਤਾ ਹੈ। (ਤਾਂ ਜੋ ਆਮ ਲੋਕ ਜੋ ਸੰਸਕ੍ਰਿਤ ਨੂੰ ਨਹੀਂ ਸਮਝਦੇ, ਇਸ ਨੂੰ ਸਮਝ ਸਕਣ।)

ਦੂਜੀ ਮਹੱਤਵ ਪੂਰਨ ਗੱਲ ਇਹ ਹੈ ਕਿ ਪਾਤਸ਼ਾਹ 'ਚੰਡੀ ਚਰਿਤ੍ਰ' ਪਹਿਲਾ ਦੇ ਆਰੰਭ ਵਿਚ ਹੀ ਅਕਾਲਪੁਰਖ ਦੇ ਮੰਗਲਾ ਚਰਨ ਵਾਲੇ ਸਵੈਯੇ ਤੋਂ ਪਿਛੋਂ ਦੂਜੇ ਸਵੈਯੇ ਵਿਚ ਪਰਮਾਤਮਾ ਨੂੰ ਸੰਬੋਧਨ ਕਰਦਿਆਂ ਕਹਿੰਦੇ ਹਨ—

*ਤਾਰਨ ਲੋਕ ਉਧਾਰਨ ਭੂਮਹਿ,*
*ਦੈਂਤ ਸੰਘਾਰਨ ਚੰਡੀ ਤੂੰ ਹੀ ਹੈਂ॥*

*ਕਾਰਨ ਈਸ ਕਲਾ ਕਮਲਾ ਹਰਿ,*
*ਅਦ੍ਰਿਸ਼ਤਾ ਜਹ ਦੇਖੇ ਉਹੀ ਹੈਂ॥*

ਭਾਵ: ਧਰਤੀ ਉਤੇ ਲੋਕਾਂ ਨੂੰ ਤਾਰਨ ਅਤੇ ਉਨ੍ਹਾਂ ਦਾ ਉਧਾਰ ਕਰਨ ਦੈਂਤਾਂ ਨੂੰ ਸੰਘਾਰਨ ਵਾਲਾ 'ਚੰਡ' (ਚੰਡੀ) ਤੂੰ ਹੀ ਹੈਂ। ਵਿ ਮਹੇਸ਼, ਲਛਮੀ (ਕਮਲਾ) ਤੇ ਪਹਾੜ ਦੀ ਦੇਵੀ (ਆਦ੍ਰਿਸ਼ਤਾ ਸ਼ਕ ਵੀ ਤੂੰ ਹੀ ਹੈ। (ਯਾਦ ਰਹੇ ਕਿ ਦੁਰਗਾ (ਚੰਡਕਾ, ਭਗੌਤੀ, ਕਾ ਭਵਾਨੀ) ਨੂੰ ਪਹਾੜਾਂ ਦੀ ਦੇਵੀ ਵੀ ਕਿਹਾ ਗਿਆ ਹੈ।

ਇਹ ਸਵਾਲ ਪੈਦਾ ਹੋ ਸਕਦਾ ਹੈ ਕਿ ਗੁਰੂ ਪਾਤਸ਼ਾਹ ਮਾਰਕੰਡੇ ਪੁਰਾਣ ਵਿਚੋਂ ਇਹ ਕਥਾ ਅਨੁਵਾਦ ਕਰਨ ਦੀ ਕਿਉਂ ਲੋ ਪਈ? ਜਾਂ ਇਸ ਦੀ ਕੀ ਮਹ ਤਾ ਜਾਂ ਮਹੱਤਤਾ ਸੀ ਆਦਿ...।

ਇਸ ਗਲ ਨੂੰ ਸਮਝਣ ਤੋਂ ਪਹਿਲਾਂ ਸਾਨੂੰ ਗੁਰੂ ਪਾਤਸ਼ਾਹ ਦੇ ਇਸ ਸੰਸਾਰ ਵਿਚ ਆਉਣ ਦਾ ਮਨੋਰਥ ਜਾਂ ਉਦੇਸ਼, ਉਨ੍ਹਾਂ ਦੇ ਆਪ ਸ਼ਬਦਾਂ ਵਿਚ ਜੋ ਆਪ ਜੀ ਨੇ 'ਬਚਿਤ੍ਰ ਨਾਟਕ' ਵਿਚ ਹੀ ਲਿਖਿਆ ਹੈ ਸਾਹਮਣੇ ਰਖਣਾ ਪਏਗਾ। ਗੁਰੂ ਪਾਤਸ਼ਾਹ ਨੇ ਇਸ ਸੰਸਾਰ ਵਿਚ ਆਉਣ ਦਾ ਆਪਣਾ ਮਨੋਰਥ ਇਉਂ ਲਿਖਿਆ ਹੈ—

*ਯਹੀ ਕਾਜ ਧਰਾ ਹਮ ਜਨਮੰ।*
*ਸਮਝ ਲੇਹੁ ਸਾਧੂ ਸਭ ਮਨਮੰ।*
*ਧਰਮ ਚਲਾਵਨ ਸੰਤ ਉਬਾਰਨ*
*ਦੁਸ਼ਟ ਸਭਨ ਕੋ ਮੂਲ ਉਪਾਰਨ।*

ਗੁਰੂ ਪਾਤਸ਼ਾਹ ਦੇ ਸਮੇਂ 6-700 ਸਾਲ ਤੋਂ ਚਲੀ ਆ ਰਹੀ ਇਸਲਾਮੀ ਹਕੂਮਤ (ਰਾਜ) ਅਤੇ ਉਸ ਤੋਂ ਪਹਿਲਾਂ ਇਸਲਾਮ ਧਰਮ ਦੇ ਅਨੁਯਾਈਆਂ ਦੇ ਹਮਲਾਆਵਰਾਂ ਦੀਆਂ ਲੁਟਾਂ-ਮਾਰਾਂ, ਸਾੜ-ਫੂਕ, ਤਬਾਹੀ, ਬਰਬਾਦੀ, ਤੀਵੀਆਂ ਦੀ ਰਜ ਕੇ ਬੇਇਜ਼ਤੀ ਅਤੇ ਹਿੰਦੂਆਂ ਵਿਰੁਧ ਸਖਤ ਕਟੜ-ਪੰਥੀ ਨੀਤੀਆਂ ਅਤੇ ਇਨ੍ਹਾਂ ਦੇ ਧਾਰਮਕ ਇਸ਼ਟਾਂ ਦੀ ਰਜ ਕੇ ਨਿਰਾਦਰੀ ਕਰਨੀ ਅਤੇ ਇਨ੍ਹਾਂ ਉਤੇ ਹੋਰ ਧਾਰਮਕ

ਬੰਦੀਆਂ ਨੇ ਹਿੰਦ ਵਾਸੀਆਂ ਦੀ ਜ਼ਮੀਰ ਨੂੰ ਕੁਚਲ ਹੀ ਦਿਤਾ ਸੀ। ਦੂਆਂ ਉੱਤੇ ਮੁਕੰਮਲ ਦਹਿਸ਼ਤ ਅਤੇ ਰਾਕਸ਼ਪੁਣੇ ਦਾ ਪੂਰਾ ਜ਼ੋਰ ਸੀ।

ਐਸੇ ਹਾਲਾਤ ਵਿਚ ਧਰਮ ਨੂੰ ਮੁੜ ਆਪਣੇ ਪੈਰਾਂ ਉਤੇ ਖੜਾ ਰਨ ਲਈ ਗੁਰੂ ਪਾਤਸ਼ਾਹ ਦਾ ਉਪਰ ਦਿਤਾ ਪ੍ਰੋਗਰਾਮ (ਧਰਮ ਲਾਵਨ ਅਤੇ ਦੁਸ਼ਟ ਉਪਾਰਨ) ਚਾਲੂ ਕਰਨ ਲਈ ਅਨੇਕਾਂ ਲੋਕਾਂ ਨੂੰ ਥੇ ਆਪਣੇ ਅਮੀਰ ਵਿਰਸੇ ਤੋਂ ਜਾਣੂ ਕਰਾਉਣਾ ਜ਼ਰੂਰੀ ਸੀ ਉਥੇ ਇਸ ਬਚਾਉਣ ਲਈ ਉਨ੍ਹਾਂ ਅੰਦਰ ਜੰਗੀ ਮਨੋਬਿਰਤੀ ਪੈਦਾ ਕਰਨ ਦੀ ਵੀ ੜ ਸੀ।

ਉਸ ਸਮੇਂ ਖਤਰੀ ਅਤੇ ਰਾਜਪੂਤ ਜੋ ਜਾਤੀ ਵੰਡ ਅਨੁਸਾਰ ਕੌਮ ਬਾਹੂ ਬਲ ਬਣਾਏ ਗਏ ਸਨ, ਉਹ ਸਤਹੀਨ, ਬੇਅੱਣਖੇ ਅਤੇ ਨਾਕਾਰਾ ਚੁਕੇ ਸਨ। ਖਤਰੀਆਂ ਨੂੰ ਫੌਜੀ ਨੌਕਰੀਆਂ ਤੋਂ ਦੂਰ ਰੱਖਣ ਕਾਰਨ ਉਨ੍ਹਾਂ ਜੰਗ ਕਰਨ ਵਾਲੀ ਮਨੋਬਿਰਤੀ ਖਤਮ ਹੋ ਚੁਕੀ ਸੀ ਅਤੇ ਉਹ ਮਾੜੀ ਟੀ ਨੌਕਰੀ ਜਾਂ ਦੁਕਾਨਦਾਰੀ ਕਰਨ ਵਲ ਲਗ ਚੁੱਕੇ ਸਨ। ਇਨ੍ਹਾਂ ਬਾਰੇ ਰੂ ਨਾਨਕ ਪਾਤਸ਼ਾਹ ਪਹਿਲਾਂ ਹੀ "ਖਤ੍ਰੀਆਂ ਤੇ ਧਰਮ ਛੋਡਿਆ" ਕਹਿ ਕੇ ਸਨ।

ਰਾਜਪੂਤ ਆਪਣੀਆਂ ਲੜਕੀਆਂ ਮੁਗਲ ਹਾਕਮਾਂ ਅਤੇ ਫਸਰਾਂ ਨਾਲ ਵਿਆਹ ਕੇ ਰਾਜ ਸਤਿਆ ਦੀ ਖੁਸ਼ਨੂਦੀ ਹਾਸਲ ਕਰਨ ਫਖਰ ਸਮਝਦੇ ਸਨ ਅਤੇ ਆਪਣੇ ਆਪ ਨੂੰ ਮੀਆਂ ਜਾਂ ਮਿਰਜ਼ਾ ਖਵਾਉਣ 'ਚ ਫਖਰ (ਮਾਨ) ਸਮਝਣ ਲਗ ਪਏ ਸਨ, (ਜਿਵੇਂ ਰਾਜਪੂਤ ਜਾ ਮਾਨ ਸਿੰਘ, ਮਿਰਜ਼ਾ ਰਾਜਾ ਮਾਨ ਸਿੰਘ ਅਖਵਾਉਣ ਲਗ ਪਿਆ ) ਤਾਂ ਦਸੋ ਐਸੀ ਦਸ਼ਾ ਵਿਚ ਇਨ੍ਹਾਂ ਖ਼ਤਰੀਆਂ ਅਤੇ ਰਾਜਪੂਤਾਂ ਤੋਂ ਰਮ ਅਤੇ ਭਾਰਤੀ ਸਭਿਆਚਾਰ ਬਚਨ ਬਚਾਉਣ ਦੀ ਕੀ ਕੋਈ ਆਸ ਸਕਦੀ ਸੀ ?

ਐਸੀ ਦਸ਼ਾ ਵਿਚ ਗੁਰੂ ਪਾਤਸ਼ਾਹ ਨੇ ਆਮ ਲੋਕਾਂ ਨੂੰ ਉਨ੍ਹਾਂ ਦੇ ਰਾਤਨ ਧਾਰਮਕ ਅਤੇ ਸਭਿਆਚਾਰਕ ਵਿਰਸੇ ਤੋਂ ਜਾਣੂ ਕਰਾਉਣਾ

ਜ਼ਰੂਰੀ ਸਮਝਿਆ ਤਾਂ ਜੋ ਉਨ੍ਹਾਂ ਦੀ ਦਬੀ ਹੋਈ, ਕੁਚਲੀ ਹੋਈ ਜ਼ਮੀ[ਰ] ਨੂੰ ਝੰਜੋੜਿਆ ਜਾਏ, ਜਗਾਇਆ ਜਾਏ। ਕਿਉਂਕਿ ਦਬੀ ਹੋਈ, ਕੁਚਲ[ੀ] ਹੋਈ ਜ਼ਮੀਰ ਦਾ ਨਾਂਹ ਕੋਈ ਧਰਮ ਹੁੰਦਾ ਹੈ ਨਾਂਹ ਈਮਾਨ। ਜਿਸ ਕਰ[ਕੇ] ਉਹ ਬਾਹਰਲੇ ਛੋਟੇ ਮੋਟੇ ਦਬਾਓ ਅਤੇ ਲਾਲਚ ਹੇਠਾਂ ਝਟ ਝੁਕ ਜਾਂ[ਦੀ] ਹੈ।

ਗੁਰੂ ਪਾਤਸ਼ਾਹ ਉਨ੍ਹਾਂ ਦੀ ਦਬੀ ਹੋਈ, ਕੁਚਲੀ ਹੋਈ ਜ਼ਮੀ[ਰ] ਅੰਦਰ ਮੁੜ ਸਾਹਸ-ਦਲੇਰੀ ਅਤੇ ਸਵੈ-ਵਿਸ਼ਵਾਸ਼ ਪੈਦਾ ਕਰਨਾ ਚਾਹੁੰ[ਦੇ] ਸਨ ਤਾਂ ਜੋ ਉਹ ਅਣੱਖ ਦਾ ਆਧਾਰ ਬਣ ਸਕੇ। ਪਰ ਉਨ੍ਹਾਂ ਦਾ ਮੁਢਲ[ਾ] ਸਾਰਾ ਸਾਹਿਤ ਸੰਸਕ੍ਰਿਤ ਬੋਲੀ ਵਿਚ ਸੀ। ਇਸ ਕਰਕੇ ਗੁਰੂ ਪਾਤਸ਼ਾ[ਹ] ਨੇ ਆਪਣੇ ਮਿਥੇ ਪ੍ਰੋਗਰਾਮ (ਧਰਮ ਚਲਾਵਨ-ਦੁਸ਼ਟ ਉਪਾਰਨ) ਨੂੰ ਚਾ[ਲੂ] ਰਖਣ ਲਈ ਉਨ੍ਹਾਂ ਦੇ ਪ੍ਰਚਲਤ ਧਾਰਮਕ ਗ੍ਰੰਥਾਂ ਰਾਮਾਇਣ-ਮਹਾਂਭਾਰ[ਤ] ਅਤੇ ਮਾਰਕੰਡੇ ਪੁਰਾਣ ਵਿਚੋਂ ਦੇਵੀ-ਦੇਵਤਿਆਂ ਦੇ ਰਾਕਸ਼ਾਂ ਨਾਲ ਹੋ[ਏ] ਜੁਧਾਂ ਜੰਗਾਂ ਨੂੰ ਸੰਸਕ੍ਰਿਤ ਤੋਂ ਲੋਕ ਬੋਲੀ ਵਿਚ ਖੁਲਾ ਅਨੁਵਾਦ ਆਪ ਕੀਤ[ਾ] ਅਤੇ ਕਰਵਾਇਆ।

ਇਨ੍ਹਾਂ ਕਥਾਵਾਂ ਵਿਚ ਧਰਮ ਅਤੇ ਅਣੱਖ ਨੂੰ ਬਚਾਉਣ ਖਾਤਰ ਅਧਰਮੀ-ਰਾਖਸ਼ਾਂ ਅਤੇ ਦੈਂਤਾਂ (ਰਾਵਣ, ਕੰਸ, ਕੌਰਵ, ਮਹਿਖਾਸੁਰ ਆਦਿ) ਨਾਲ ਜ਼ਬਰਦਸਤ ਲੜਾਈਆਂ ਲੜਨ ਉਪ੍ਰੰਤ ਧਰਮ ਦੀ ਜਿਤ ਦ[ਾ] ਵਰਣਨ ਸੀ ਅਤੇ ਇਨ੍ਹਾਂ ਦੇ ਮੁਖ ਜੇਤੂ ਨਾਇਕ, ਰਾਮ, ਕ੍ਰਿਸ਼ਨ, ਚੰਡੀ ਅ[ਤੇ] ਦੁਰਗਾ (ਦੇਵੀ) ਆਦਿ ਦਰਸਾਏ ਗਏ ਸਨ ਜਿਨਾਂ ਨੂੰ ਭਾਰਤੀ ਆਪਣ[ੇ] ਇਸ਼ਟ, ਅਵਤਾਰ ਜਾਂ ਦੇਵੀ ਦੇਵਤੇ ਮੰਨਕੇ ਪੂਜਦੇ ਚਲੇ ਆ ਰਹੇ ਸਨ[।]

ਹਾਕਮ ਲੋਕ ਇਨ੍ਹਾਂ ਦੀ ਜ਼ਮੀਰ ਨੂੰ ਦਬਾਉਣ (ਕੁਚਲਣ) ਲ[ਈ] ਅਤੇ ਉਨ੍ਹਾਂ ਦੇ ਧਾਰਮਕ ਵਿਸ਼ਵਾਸ਼ ਨੂੰ ਨਿਕੰਮਾ ਦਿਖਾਉਣ ਲਈ ਹੀ ਇਨ੍ਹ[ਾਂ] ਦੇ ਪੂਜਯੋਗ ਇਸ਼ਟ ਦੀ ਰਜ ਕੇ ਨਿਰਾਦਰੀ ਕਰਦੇ ਸਨ। ਗੁਰੂ ਪਾਤਸ਼ਾ[ਹ] ਨੇ ਇਨ੍ਹਾਂ ਅਨੁਵਾਦਾਂ ਵਿਚ ਨਾਇਕਾਂ ਦੀ ਵਡਿਆਈ ਉਭਾਰ ਕੇ ਸਾਹਮ[ਣੇ]

ਲਿਆਂਦੀ ਅਤੇ ਉਨ੍ਹਾਂ ਤੋਂ ਅਧਰਮੀਆਂ ਦਾ ਨਾਸ ਹੁੰਦਾ ਦਿਖਾ ਕੇ ਉਨ੍ਹਾਂ ਪ੍ਰਤੀ ਧਾਰਮਕ ਵਿਸ਼ਵਾਸ਼ ਮੁੜ ਸੁਰਜੀਤ ਕਰਨ ਅਤੇ ਸਾਹਸ ਪੈਦਾ ਕਰਨ ਦਾ ਉਪਰਾਲਾ ਕੀਤਾ। ਇਸੇ ਕਰਕੇ ਚੰਡੀ ਚਰਿਤ੍ਰਾਂ ਵਿਚ ਗੁਰੂ ਪਾਤਸ਼ਾਹ ਨੇ 'ਭਗਾਉਤੀ ਜੀ ਕੀ ਵਾਰ' ਵਿਚ ਇਕ ਪਾਸੇ ਚੰਡੀਕਾ ਭਵਾਨੀ, ਦੁਰਗਾ ਆਦਿ ਦੀ ਅਗਵਾਈ ਕਰਦਿਆਂ ਦੂਜੇ ਪਾਸੇ ਮਹਿਖਾਸੁਰ ਦੈਂਤ ਦੀ ਅਗਵਾਈ ਹੇਠ ਅਧਰਮੀ ਦੈਂਤਾਂ ਤੇ ਰਾਕਸ਼ਾਂ ਨਾਲ ਹੋਈਆਂ ਲਹੂ-ਵੀਟਵੀਆਂ ਲੜਾਈ ਲੜਦਿਆਂ ਵਿਖਾਇਆ ਹੈ ਅਤੇ ਅੰਤ ਧਰਮ ਦੀ ਜਿਤ ਦਿਖਾਈ ਹੈ ਅਤੇ—

ਸਭੈ ਦੁਸ਼ਟ ਮਾਰੇ, ਮਈਆ ਸੰਤ ਉਬਾਰੇ, ਲਿਖ ਕੇ ਦੁਰਗਾ (ਮਈਆ) ਵਿਚ ਵਿਸ਼ਵਾਸ਼ ਰਖਣ ਵਾਲਿਆਂ ਦਾ ਧਾਰਮਕ ਵਿਸ਼ਵਾਸ਼ ਜਿਥੇ ਮੁੜ ਬੰਨ੍ਹਵਾਇਆ ਉਥੇ ਦੂਜੇ ਪਾਸੇ ਉਨ੍ਹਾਂ ਵਿਚ ਜੰਗੀ ਨਜ਼ਾਰਿਆਂ ਰਾਹੀਂ, ਜੰਗ ਵਾਲੀ ਮਨੋਬਿਰਤੀ ਉਜਾਗਰ ਕਰਨ ਦਾ ਯਤਨ ਕੀਤਾ।

ਇਹ ਵਰਣਨ ਢੰਗ ਐਸਾ ਪ੍ਰਭਾਵਸ਼ਾਲੀ ਹੈ ਕਿ ਪਾਠਕ ਆਪ ਇਸ ਜੰਗ ਵਿਚ ਜੂਝ ਰਿਹਾ ਮਹਿਸੂਸ ਕਰਦਾ ਹੈ ਅਤੇ ਦੁਰਗਾ ਦੀ ਜਿਤ ਵਿਚ ਆਪਣੀ ਜਿਤ ਵਰਗੀ ਖ਼ੁਸ਼ੀ ਪ੍ਰਤੀਤ ਕਰਨ ਲਗ ਜਾਂਦਾ ਹੈ।

ਇਸ ਜੰਗੀ ਮਨੋਬਿਰਤੀ ਨੂੰ ਪੈਦਾ ਕਰਨ ਦੇ ਉਦੇਸ਼ ਨੂੰ ਗੁਰੂ ਪਾਤਸ਼ਾਹ ਆਪ ਚੰਡੀ ਚਰਿਤ੍ਰ ਦੂਜਾ ਦੇ ਛੰਦ ਨੰ: 260 ਵਿਚ ਵਰਣਨ ਕਰਦੇ ਹਨ—

*ਸੁਨੇ ਸੂਮ ਸੋਫੀ, ਲਰੈ ਜੁੱਧ ਗਾਢੇ।*

ਭਾਵ: ਜੋ ਕੋਈ ਅਤਿ ਕਾਇਰ ਵੀ ਇਸ ਚਰਿਤ੍ਰ ਨੂੰ ਸੁਣੇਗਾ, ਉਸ ਵਿਚ ਵੀ ਬੀਰ ਰਸ ਜਾਗੇਗਾ ਅਤੇ ਉਹ ਘਮਸਾਨ ਲੜਾਈ ਵਿਚ ਅਗੇ ਹੋ ਕੇ ਲੜੇਗਾ।

('ਮਾਰਕੰਡੇ ਪੁਰਾਣ' ਅਨੁਸਾਰ ਇਹ ਵੀ ਯਾਦ ਰਹੇ ਕਿ ਚੰਡੀ ਚਰਿਤ੍ਰ ਪਹਿਲਾ, ਦੂਜਾ ਅਤੇ 'ਵਾਰ ਸ੍ਰੀ ਭਗਾਉਤੀ ਜੀ ਕੀ' ਮਿਥਿਹਾਸਕ ਵਾਰਤਾਵਾਂ ਹਨ।)

ਲੜਾਈ ਦੇ ਵਰਣਨ ਨੂੰ ਅਸਰਦਾਰ ਅਤੇ ਭਾਵਪੂਰਤ ਬਣਾਉਣ ਲਈ ਜਿਥੇ ਵੇਰਵਾ ਦੇਣਾ ਪੈਂਦਾ ਹੈ ਉਥੇ ਮੁਖ ਨਾਇਕ ਜਾਂ ਨਾਇਕਾ ਦੇ ਹੋਰ ਗੁਣ ਵੀ ਉਭਾਰ ਕੇ ਦਰਸਾਉਣੇ ਪੈਂਦੇ ਹਨ ਤਾਂ ਜੁ ਸੁਣਨ ਵਾਲੇ ਦਾ ਨਾਇਕ ਜਾਂ ਨਾਇਕਾ ਪ੍ਰਤੀ ਉਤਸ਼ਾਹ ਅਤੇ ਵਿਸ਼ਵਾਸ਼ ਵਧੇ। ਇਹ ਵਾਰ ਦਾ ਇਕ ਜ਼ਰੂਰੀ ਮੰਤਵ ਹੁੰਦਾ ਹੈ।

ਸੋ ਇਸ ਤੋਂ ਗੁਰੂ ਸਾਹਿਬ ਬਾਰੇ ਦੁਰਗਾ ਦਾ ਪੁਜਾਰੀ ਹੋਣ ਦਾ ਸਿੱਟਾ ਕਢਣਾ ਕਿਸੇ ਤਰ੍ਹਾਂ ਵੀ ਉਚਿਤ ਨਹੀਂ ਬਣਦਾ। ਕਿਉਂਕਿ ਗੁਰੂ ਪਾਤਸ਼ਾਹ ਸਿਵਾਏ ਅਕਾਲ ਪੁਰਖ ਦੇ ਹੋਰ ਕਿਸੇ ਅਗੇ ਨਮਸਕਾਰ ਹੀ ਨਹੀਂ ਕਰਦੇ। ਜਿਵੇਂ ਆਪ ਜੀ ਕਹਿੰਦੇ ਹਨ—

*ਨਮਸਕਾਰ ਤਿਸ ਹੀ ਕੋ ਹਮਾਰੀ*
*ਸਕਲ ਪਰਜਾ ਜਿਨ ਆਪ ਸਵਾਰੀ॥*

ਇਸੇ ਤਰ੍ਹਾਂ ਆਪ ਜੀ ਜਾਪੁ ਸਾਹਿਬ ਵਿਚ ਕਹਿੰਦੇ ਹਨ—

*ਨਮੋ ਸਰਬ ਕਰਤਾ॥*
*ਨਮੋ ਸਰਬ ਹਰਤਾ॥*

ਨਮੋ ਦਾ ਅਰਥ ਹੈ ਨਮਸਕਾਰ।

ਦੁਰਗਾ, ਰਾਮ, ਕ੍ਰਿਸ਼ਨ ਆਦਿ ਸਾਰੇ ਉਸ ਅਕਾਲ ਪੁਰਖ ਦੇ ਸਾਜੇ ਹੋਏ ਹਨ ਅਤੇ ਉਸ ਦੇ ਹੁਕਮ ਅਤੇ ਭਾਣੇ ਵਿਚ ਹੀ ਕਾਰ ਕਰਦੇ ਹਨ ਜਿਸ ਕਰਕੇ ਗੁਰੂ ਪਾਤਸ਼ਾਹ ਉਨ੍ਹਾਂ ਦੀ ਅਰਾਧਨਾ ਜਾਂ ਉਪਾਸ਼ਨਾ ਕਰਨ ਕਰਾਉਣ ਦੇ ਬਿਲਕੁਲ ਹਾਮੀ ਨਹੀਂ। ਗੁਰ ਪਾਤਸ਼ਾਹ ਦਾ 'ਧਰਮ ਚਲਾਵਨ' ਦਾ ਭਾਵ ਵੀ ਇਹੋ ਪ੍ਰਤੀਤ ਹੁੰਦਾ ਹੈ ਕਿ ਹਿੰਦੂਆਂ ਦੇ ਤੋੜੇ ਜਾ ਰਹੇ ਧਰਮ ਅਤੇ ਉਨ੍ਹਾਂ ਦੇ ਇਸ਼ਟਾਂ ਪ੍ਰਤੀ ਤੋੜੇ ਜਾ ਰਹੇ ਵਿਸ਼ਵਾਸ਼ਾਂ ਨੂੰ ਮੁੜ ਬਹਾਲ ਕੀਤਾ ਜਾਏ। ਉਨ੍ਹਾਂ ਦੀ ਜ਼ਮੀਰ ਨੂੰ ਜਗਾ ਕੇ ਉਨ੍ਹਾਂ ਅੰਦਰ ਅਣੱਖ ਪੈਦਾ ਹੋਵੇ ਤਾਂ ਜੋ ਬਿਨਾਂ ਕਿਸੇ ਡਰ ਜਾਂ ਲੋਭ ਦੇ ਉਹ ਆਜ਼ਾਦੀ ਨਾਲ ਰਹਿ ਸਕਣ।

'ਸ੍ਰੀ ਭਗਾਉਤੀ ਜੀ ਕੀ ਵਾਰ' ਦੀ ਦੂਜੀ ਪਉੜੀ ਵਿਚ ਗੁਰੂ

ਪਾਤਸ਼ਾਹ ਸਭ ਦੇਵੀ ਦੇਵਤਿਆਂ ਵਿਚ ਸਰਬ ਸ਼ਕਤੀਮਾਨ ਅਕਾਲ ਪੁਰਖ ਦੀ ਹੀ ਸ਼ਕਤੀ ਅਤੇ ਵਡਿਆਈ ਕੰਮ ਕਰਦੀ ਜਿਥੇ ਵੇਖਦੇ ਹਨ ਉਥੇ ਸਾਰੇ ਦੇਵੀ ਦੇਵਤੇ ਉਸ ਦੇ ਸਾਜੇ ਹੋਏ, ਉਸ ਦੇ ਹੁਕਮ ਵਿਚ ਹੀ ਕਾਰ ਕਰਦੇ ਵੇਖਦਿਆਂ ਇਸ ਤਰ੍ਹਾਂ ਲਿਖ ਕੇ ਸਭ ਤਰ੍ਹਾਂ ਦੇ ਭੁਲੇਖੇ ਦੂਰ ਕਰ ਦਿੰਦੇ ਹਨ-

*ਖੰਡਾ ਪ੍ਰਿਥਮੇ ਸਾਜ ਕੈ, ਜਿਨ ਸਭ ਸੰਸਾਰ ਉਪਾਯਾ*
*ਬ੍ਰਹਮਾ, ਬਿਸ਼ਨੁ, ਮਹੇਸ਼ ਸਾਜ,*
*ਕੁਦਰਤੀ ਦਾ ਖੇਲ ਰਚਾਯ ਬਣਾਯਾ।*
*ਸਿੰਧੁ ਪਰਬਤ ਮੇਦਿਨੀ, ਬਿਨਾ ਥਮਾ ਗਗਨ ਰਹਾਯਾ।*
*ਸਿਰੇ ਦਾਨੋ ਦੇਵਤੇ, ਤਿੰਨ ਅੰਦਰ ਵਾਦ ਰਚਾਯਾ।*
*ਤੈਂ ਹੀ ਦੁਰਗਾ ਸਾਜ ਕੈ, ਦੈਂਤਾਂ ਦਾ ਨਾਸ਼ ਕਰਾਯਾ।*
*ਤੈਥੋਂ ਹੀ ਬਲ ਰਾਮ ਲੈ, ਨਾਲ ਬਾਣਾ ਦਹਸਿਰ ਘਾਯਾ।*
*ਤੈਥੋਂ ਹੀ ਬਲ ਕ੍ਰਿਸ਼ਨ ਲੈ, ਕੰਸ ਕੇਸੀਂ ਪਕੜ ਗਿਰਾਯਾ।*
*ਬਡੇ ਬਡੇ ਮੁਨਿ ਦੇਵਤੇ, ਕਈ ਜੁਗ ਤਿਨ੍ਹੀ ਤਨ ਤਾਯਾ।*
*ਤਿੰਨੀ ਤੇਰਾ ਅੰਤ ਨ ਪਾਯਾ।*

ਗੁਰੂ ਸਾਹਿਬ ਜੀ ਦੀਆਂ ਉਪਰਲੀਆਂ ਪੰਗਤੀਆਂ ਤੋਂ ਜਿਥੇ ਸਾਰੀ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ, ਸਭ ਤਰ੍ਹਾਂ ਦੇ ਦੇਵੀ-ਦੇਵਤੇ ਅਤੇ ਰਾਕਸ਼ਾਂ ਨੂੰ ਪੈਦਾ ਕਰਨ ਵਾਲਾ ਅਤੇ ਨਾਸ਼ ਕਰਨ, ਕਰਾਉਣ ਵਾਲਾ ਇਕ ਅਕਾਲ ਪੁਰਖ ਵਾਹਿਗੁਰੂ ਹੈ ਜਿਸ ਦਾ ਕਿਸੇ ਨੇ ਅੰਤ ਨਹੀਂ ਪਾਇਆ। ਇਸ ਤਰ੍ਹਾਂ ਇਕ ਅਕਾਲ ਪੁਰਖ ਨੂੰ ਮੰਨਣ ਵਾਲੇ ਸਪਸ਼ਟ ਸ਼ਬਦਾਂ 'ਚ ਆਪ ਕਹਿੰਦੇ ਹਨ ਕਿ ਮੈਂ (ਗੁਰੂ ਸਾਹਿਬ) ਇਕ ਅਕਾਲ-ਪੁਰਖ ਦਾ ਹੀ ਨਾਮ ਜਪਦਾ ਹਾਂ, ਜੋ ਸਰਬ ਕਾਰਜ ਰਾਸ ਕਰਨ ਵਾਲਾ ਹੈ। ਮੈਂ ਹੋਰ ਕਿਸੇ ਦਾ ਨਾਮ ਨਹੀਂ ਜਪਦਾ ਨਾ੍ਹ ਹੀ ਕਿਸੇ ਹੋਰ ਦਾ ਧਿਆਨ ਧਰਦਾ ਹਾਂ ਜਿਵੇਂ -

*ਭਜੋਂ ਸੁ ਏਕ ਨਾਮਯੰ, ਜੁ ਕਾਮ ਸਰਬ ਠਾਮਯੰ,*

*ਨ ਜਾਪ ਆਨ ਕੋ ਜਪੋਂ, ਨ ਔਰ ਥਾਪਨਾ ਥਪੋਂ...*

*ਨ ਧਯਾਨ ਆਨ ਕੋ ਧਰੋਂ, ਨ ਨਾਮ ਆਨ ਉਚਰੋਂ...*

ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਇਕ 'ਅਕਾਲ' ਦੇ ਪੁਜਾਰੀ ਹੋਣ ਬਾਰੇ ਕੋਈ ਸ਼ੱਕ ਬਾਕੀ ਨਹੀਂ ਰਹਿ ਜਾਂਦਾ। ਇਨ੍ਹਾਂ ਅਤੇ ਹੋਰ ਬੇਅੰਤ ਪ੍ਰਤੱਖ ਸਬੂਤਾਂ (ਪ੍ਰਮਾਣਾਂ) ਦੇ ਹੁੰਦਿਆਂ ਵੀ ਜੇ ਕੋਈ ਗੁਰੂ ਪਾਤਸ਼ਾਹ ਨੂੰ ਫ਼ਿਰ ਵੀ ਕਹਿੰਦਾ ਹੈ ਕਿ ਉਹ ਦੇਵੀ ਦੇ ਉਪਾਸ਼ਕ ਸਨ ਜਾਂ ਦੇਵੀ-ਪੂਜ ਸਨ ਤਾਂ ਉਸ ਦਾ ਇਸ ਤਰ੍ਹਾਂ ਕਹਿਣ ਵਿਚ ਜ਼ਰੂਰ ਕੋਈ ਭੇਦ ਹੈ ਜਾਂ ਮੰਤਵ ਹੈ, ਜਿਸ ਬਾਰੇ ਸਾਨੂੰ ਗੁਰੂ ਕੇ ਸਿੱਖ ਅਖਵਾਉਣ ਵਾਲਿਆਂ ਨੂੰ ਸੁਚੇਤ ਰਹਿਣਾ ਚਾਹੀਦਾ ਹੈ ਅਤੇ ਇਸ ਗਲ ਨੂੰ ਪਹਿਲਾਂ ਆਪ ਸਮਝਣਾ ਅਤੇ ਹੋਰਨਾਂ ਨੂੰ ਸਮਝਾਉਣਾ (ਪ੍ਰਚਾਰਨਾਂ) ਬੇਅੰਤ ਜ਼ਰੂਰੀ ਹੈ।

## ਪਰਉਪਕਾਰ ਵਾਲੀ ਸੇਵਾ

ਪਾਠਕ ਜੀ!

ਤੁਸੀਂ ਆਪਣੀ ਨੇਕ ਕਮਾਈ ਵਿਚੋਂ ਜੋ ਹਰ ਮਹੀਨੇ ਧਰਮ-ਅਰਥ ਲਈ ਕਢਦੇ ਹੋ, ਉਸ ਵਿਚੋਂ ਜੇ ਕੁਝ ਸਿੱਖ ਸਿਧਾਂਤਾਂ ਨੂੰ ਲਿਟ੍ਰੇਚਰ ਰਾਹੀਂ ਪ੍ਰਚਾਰਨ ਲਈ ਖ਼ਰਚ ਕਰ ਸਕੋ ਤਾਂ ਇਸ ਨਾਲ ਸਾਡੇ ਵਿਚੋਂ ਜਿਥੇ ਮਨਮਤ ਅਤੇ ਅਨਮਤੀ ਪ੍ਰਭਾਵ ਘਟਣਗੇ ਉਥੇ ਬੇਮਲੂਮੇ ਸਿੱਖੀ ਸਿਧਾਂਤ ਅਪਣਾਏ ਜਾਣਗੇ। ਇਸ ਤਰ੍ਹਾਂ ਤੁਹਾਡੀ ਖ਼ਰਚ ਕੀਤੀ ਥੋੜ੍ਹੀ ਜਿਹੀ ਰਕਮ ਪਰਉਪਕਾਰ ਵਾਲੀ ਸੇਵਾ ਵਿਚ ਸਫ਼ਲ ਹੋਏਗੀ।

ਸੋ ਇਸ ਤਰ੍ਹਾਂ ਦੇ ਹਰ ਮਹੀਨੇ ਛਪਣ ਵਾਲੇ ਟ੍ਰੈਕਟਾਂ ਦੀਆਂ ਥੋੜ੍ਹੀਆਂ ਬਹੁਤ ਕਾਪੀਆਂ ਮੰਗਵਾ ਕੇ ਆਪਣੇ ਆਲੇ ਦੁਆਲੇ ਦੀਆਂ ਸੰਗਤਾਂ ਵਿਚ ਵੰਡਣ ਦੀ ਸੇਵਾ ਜ਼ਰੂਰ ਕਰੋ।

ਪ੍ਰਾਰਥਕ